**ਪ੍ਰੋਬੇਸ਼ਨ ਸੇਵਾ**

- **ਸੇਵਾ ਦਾ ਵੇਰਵਾ**

ਪ੍ਰੋਬੇਸ਼ਨ ਸੇਵਾ ਇੱਕ ਭਾਈਚਾਰਾ ਅਧਾਰਿਤ ਪ੍ਰੋਗਰਾਮ ਹੈ ਜਿਸ ਰਾਹੀਂ, ਪ੍ਰੋਬੇਸ਼ਨ ਆਫ਼ ਓਫੈਂਡਰਜ਼ ਆਰਡੀਨੈਂਸ (Probation of Offenders Ordinance) (ਅਧਿਆਏ 298) ਦੇ ਅਨੁਸਾਰ, ਅਪਰਾਧੀ ਨੂੰ ਪ੍ਰੋਬੇਸ਼ਨ ਅਫ਼ਸਰ (ਪੀਓ) (probation officer (PO)) ਦੀ ਵੈਧਾਨਿਕ ਨਿਗਰਾਨੀ ਦੇ ਅਧੀਨ ਇੱਕ ਤੋਂ ਤਿੰਨ ਸਾਲ ਤੱਕ ਰੱਖਿਆ ਜਾਂਦਾ ਹੈ। ਪ੍ਰੋਬੇਸ਼ਨ ਸੇਵਾ ਦਾ ਅੰਤਮ ਟੀਚਾ ਅਪਰਾਧੀਆਂ ਦੀ ਭਾਈਚਾਰੇ ਨਾਲ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕ ਵੱਜੋਂ ਮੁੜ-ਜੁੜਨ ਵਿੱਚ ਸਹਾਇਤਾ ਕਰਨਾ ਹੈ।

- **ਟੀਚਾ**

ਪ੍ਰੋਬੇਸ਼ਨ ਸੇਵਾ ਦੇ ਟੀਚੇ ਹਨ -

(ੳ) ਅਪਰਾਧੀਆਂ ਨੂੰ ਪ੍ਰੋਬੇਸ਼ਨ ਆਡਰ 'ਤੇ ਰੱਖੇ ਜਾਣ ਦੇ ਢੁੱਕਵੇਂਪਣ ਬਾਰੇ ਅਦਾਲਤ ਨੂੰ ਸਿਫ਼ਾਰਸ਼ ਕਰਨੀ;

(ਅ) ਪ੍ਰੋਬੇਸ਼ਨ ਨਿਗਰਾਨੀ ਦੇ ਅਧੀਨ ਰੱਖੇ ਗਏ ਅਪਰਾਧੀਆਂ ਦੇ ਇਲਾਜ ਅਤੇ ਮੁੜ-ਵਸੇਬੇ ਬਾਰੇ ਅਦਾਲਤ ਦੀਆਂ ਹਦਾਇਤਾਂ ਨੂੰ ਲਾਗੂ ਕਰਨਾ;

(ੲ) ਪ੍ਰੋਬੇਸ਼ਨ ਅਧੀਨ ਵਿਅਕਤੀਆਂ ਦੀ ਆਪਣੇ ਨਜ਼ਰੀਏ ਅਤੇ ਵਿਹਾਰ ਵਿੱਚ ਸਕਾਰਾਤਮਕ ਬਦਲਾਵ ਕਰਨ ਵਿੱਚ ਸਹਾਇਤਾ ਕਰਨਾ;

(ਸ) ਜੀਵਨ ਦਾ ਸਾਹਮਣਾ ਕਰਨ ਦੇ ਹੁਨਰਾਂ ਨੂੰ ਵਧਾਉਣਾ ਅਤੇ ਮੁੜ-ਅਪਰਾਧ ਕਰਨ ਤੋਂ ਬਚਣਾ;

(ਹ) ਮੁੜ-ਵਸੇਬੇ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਦੀ ਪਰਿਵਾਰਕ ਸਹਾਇਤਾ ਨੂੰ ਮਜ਼ਬੂਤ ਕਰਨਾ;

(ਕ) ਅਦਾਲਤ ਦੁਆਰਾ ਹਵਾਲਾ ਦਿੱਤੇ ਗਏ ਅਪਰਾਧੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਭਾਈਚਾਰਕ ਸੰਸਾਧਨਾਂ ਨੂੰ ਵਰਤਣਾ ਅਤੇ ਜਿੱਥੇ ਜ਼ਰੂਰੀ ਹੋਏ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਸੰਸਾਧਨਾਂ ਨੂੰ ਵਰਤਣਾ।

- **ਸੇਵਾ ਦੀ ਕਿਸਮ**

(ੳ) ਅਦਾਲਤਾਂ ਅਤੇ ਸੰਬੰਧਿਤ ਧਿਰਾਂ ਦੀ ਸੇਵਾ ਵਿੱਚ, ਪੀਓ (PO) ਸਜ਼ਾ ਤੋਂ ਪਹਿਲਾਂ ਦੀ ਰਿਪੋਰਟ ਤਿਆਰ ਕਰਦੇ ਹਨ ਜਿਸ ਵਿੱਚ ਪ੍ਰੋਬੇਸ਼ਨ ਅਫ਼ਸਰ ਦੀਆਂ ਰਿਪੋਰਟਾਂ, ਕਮਿਊਨਿਟੀ ਸਰਵਿਸ ਆਡਰ ਲਈ ਯੋਗਤਾ ਰਿਪੋਰਟਾਂ, ਪ੍ਰੋਬੇਸ਼ਨ ਅਧੀਨ ਵਿਅਕਤੀਆਂ ਦੀ ਤਰੱਕੀ ਸੰਬੰਧੀ ਰਿਪੋਰਟਾਂ ਅਤੇ ਦੀਰਘ-ਕਾਲੀਨ ਕੈਦੀਆਂ ਅਤੇ ਪਟੀਸ਼ਨ ਕੇਸਾਂ ਬਾਰੇ ਸੋਸ਼ਲ ਵੈਲਫੇਅਰ ਰਿਪੋਰਟਾਂ ਸ਼ਾਮਲ ਹਨ।

(ਅ) ਪ੍ਰੋਬੇਸ਼ਨ ਅਧੀਨ ਵਿਅਕਤੀਆਂ ਲਈ ਪ੍ਰਦਾਨ ਕੀਤੀਆਂ ਸੇਵਾਵਾਂ ਵਿੱਚ ਪ੍ਰੋਬੇਸ਼ਨ ਅਵਧੀ ਦੇ ਦੌਰਾਨ ਕੀਤੀਆਂ ਗਈਆਂ ਨਿਯਮਤ ਇੰਟਰਵਿਊਆਂ, ਘਰ ਕੀਤੀਆਂ ਮੁਲਾਕਾਤਾਂ, ਸਮੂਹਿਕ ਕੰਮ ਅਤੇ ਹੋਰ ਗਤੀਵਿਧੀਆਂ ਦੇ ਰਾਹੀਂ ਵੈਧਾਨਿਕ ਨਿਗਰਾਨੀ, ਵਿਅਕਤੀਗਤ ਮਾਰਗਦਰਸ਼ਨ ਅਤੇ ਪਰਿਵਾਰਕ ਸਲਾਹ-ਮਸ਼ਵਰਾ ਸ਼ਾਮਲ ਹਨ।

(ੲ) ਜਿੱਥੇ ਢੁੱਕਵਾਂ ਹੋਵੇ, ਅਪਰਾਧੀਆਂ, ਪ੍ਰੋਬੇਸ਼ਨ ਅਧੀਨ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਸਦੱਸਾਂ ਨੂੰ ਉਨ੍ਹਾਂ ਪ੍ਰਵਾਨਿਤ

ਸੰਸਥਾਵਾਂ ਵਿੱਚ ਭੇਜਿਆ ਜਾਂਦਾ ਹੈ ਜੋ ਵਿਭਾਗ ਜਾਂ ਗੈਰ-ਸਰਕਾਰੀ ਸੰਗਠਨਾਂ ਦੁਆਰਾ ਭਾਵਨਾਤਮਕ/ਵਿਹਾਰ ਸੰਬੰਧੀ ਸਮੱਸਿਆਵਾਂ ਵਾਲੇ ਬੱਚਿਆਂ ਅਤੇ ਕਿਸ਼ੋਰਾਂ ਲਈ ਚਲਾਏ ਜਾਂਦੇ ਰਿਹਾਇਸ਼ੀ ਘਰ, ਮਨੋਵਿਗਿਆਨਕ ਇਲਾਜ ਲਈ ਸੰਬੰਧਤ ਇਕਾਈਆਂ ਜਾਂ ਏਜੰਸੀਆਂ, ਭਲਾਈ ਸੇਵਾਵਾਂ ਅਤੇ ਹੋਰ ਸੇਵਾਵਾਂ ਜਿਵੇਂ ਪ੍ਰੋਬੇਸ਼ਨ ਅਧੀਨ ਵਿਅਕਤੀਆਂ ਲਈ ਸਵੈਸੇਵਕ ਯੋਜਨਾ ਹੈ।

- **ਟੀਚਾਬੱਧ ਸਮੂਹ**

ਟੀਚਾਬੱਧ ਸਮੂਹ ਉਹ ਅਪਰਾਧੀ ਹਨ ਜੋ

(ੳ) ਜਿਨ੍ਹਾਂ ਦੀ ਸਮਾਜਿਕ ਪੜਤਾਲ ਲਈ ਅਦਾਲਤ ਦੁਆਰਾ ਹਵਾਲਗੀ ਦਿੱਤੀ ਜਾਂਦੀ ਹੈ;

(ਅ) ਜਿਨ੍ਹਾਂ ਨੂੰ ਪ੍ਰੋਬੇਸ਼ਨ ਨਿਗਰਾਨੀ ਅਧੀਨ ਰੱਖਣ ਲਈ ਅਦਾਲਤ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ;

(ੲ) ਜਿਨ੍ਹਾਂ ਨੇ ਪ੍ਰੋਬੇਸ਼ਨ ਦਾ ਆਦੇਸ਼ ਪੂਰਾ ਕਰ ਲਿਆ ਹੈ ਪਰ ਜੋ ਤਿੰਨ ਮਹੀਨੇ ਤੱਕ ਦੀ ਇੱਛਤ ਨਿਗਰਾਨੀ ਪ੍ਰਾਪਤ ਕਰਨ ਲਈ ਤਿਆਰ ਹਨ;

(ਸ) ਪਟੀਸ਼ਨ ਦਿੰਦੇ ਹੋਏ ਜਾਂ ਸਮੀਖਿਆ ਦੇ ਅਧੀਨ ਹੁੰਦੇ ਹੋਏ ਸਜ਼ਾ ਭੁਗਤ ਰਹੇ ਹਨ; ਜਾਂ

(ਹ) ਭਲਾਈ ਸਹਾਇਤਾ ਜਾਂ ਹੋਰ ਪੇਸ਼ੇਵਰ ਰਿਪੋਰਟਾਂ ਲਈ ਅਦਾਲਤ ਦੁਆਰਾ ਹਵਾਲਗੀ ਦਿੱਤੀ ਗਈ ਹੈ।

- **ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਡਰਜ਼ ਆਫ਼ਿਸਜ਼ ਦੀ ਸੂਚੀ**

ਸੱਤ ਮੈਜਿਸਟ੍ਰੇਟਸ' ਕੋਰਟਸ, ਦਿ ਡਿਸਟ੍ਰਿਕਟ ਕੋਰਟ ਅਤੇ ਦਿ ਹਾਈਕੋਰਟ (ਭਾਵ ਕੋਰਟ ਆਫ਼ ਫਰਸਟ ਇੰਸਟਾਂਸ ਅਤੇ ਕੋਰਟ ਆਫ਼ ਅਪੀਲ) ਲਈ ਕੰਮ ਕਰਨ ਵਾਲੇ ਸੱਤ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸਜ਼ (ਪੀਸੀਐੱਸਓ) (Probation and Community Service Orders Offices, PCSOs) ਅਤੇ ਹਾਈ ਕੋਰਟ ਅਤੇ ਡਿਸਟ੍ਰਿਕਟ ਕੋਰਟ ਪ੍ਰੋਬੇਸ਼ਨ ਆਫ਼ਿਸ (ਐੱਚਸੀਐਂਡਡੀਸੀਪੀਓ) (High Court and District Court Probation Office, HC&DCPO) ਮੌਜੂਦ ਹਨ।

- **ਦਫ਼ਤਰੀ ਘੰਟੇ**

(ਸੋਮਵਾਰ ਤੋਂ ਸ਼ੁੱਕਰਵਾਰ) : 8 : 45 ਸਵੇਰੇ ਤੋਂ 6 : 00 ਸ਼ਾਮ
ਸ਼ਨੀਵਾਰ, ਐਤਵਾਰ ਅਤੇ ਜਨਤਕ ਛੁੱਟੀਆਂ ਨੂੰ ਬੰਦ

## ਹਾਈ ਕੋਰਟ ਅਤੇ ਡਿਸਟ੍ਰਿਕਟ ਕੋਰਟ ਪ੍ਰੋਬੇਸ਼ਨ ਆਫ਼ਿਸ ਅਤੇ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸਜ਼ ਦੀ ਸੂਚੀ

| ਦਫ਼ਤਰ | ਪਤਾ | ਟੈਲੀਫ਼ੋਨ | ਫ਼ੈਕਸ |
|---|---|---|---|
| ਹਾਈਕੋਰਟ ਅਤੇ ਡਿਸਟ੍ਰਿਕਟ ਕੋਰਟ ਪ੍ਰੋਬੇਸ਼ਨ ਆਫ਼ਿਸ | Room 335, 3/F, Wan Chai Tower, 12 Harbour Road, Wan Chai, Hong Kong | 2582 4025 | 2582 4017 |
| ਈਸਟਰਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Room 1226, 12/F, Eastern Law Courts Building, 29 Tai On Street, Sai Wan Ho, Hong Kong | 2151 8142 | 2572 9214 |
| | Room 1212-1214, 12/F, Eastern Law Court Building, 29 Tai On Street, Sai Wan Ho, Hong Kong | 2546 7973 | 2975 4613 |
| ਕੋਲੂਨ ਸਿਟੀ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | 4/F, Kowloon City Law Courts Building, 147M Argyle Street, Kowloon | 2767 3143 | 2350 6207 |
| | 11/F, To Kwa Wan Government Offices, 165 Ma Tau Wai Road, Kowloon | 2349 8300 | 2775 0548 |
| ਵੁਨ ਤੌਂਗ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | 8/F, Kowloon East Government Offices, 12 Lei Yue Mun Road, Kwun Tong, Kowloon | 2349 5700 | 2775 2027 |
| | 7/F, Kowloon East Government Offices, 12 Lei Yue Mun Road, Kwun Tong, Kowloon | 2782 1727 | 2374 4057 |
| ਸ਼ਾ ਟਿਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Room 801, 8/F, Sha Tin Government Offices, 1 Sheung Wo Che Road, Sha Tin, New Territories | 2158 6711 | 2697 9652 |
| ਫੈਨਲਿੰਗ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Room 325, 3/F, Fanling Law Courts Building, No.1, Pik Fung Road, Fanling, New Territories | 2682 7573 | 2682 2916 |
| | Room 415, 4/F, North District Government Offices, No. 3 Pik Fung Road, Fanling, New Territories | 3427 3661 | 2682 9351 |
| ਵੈਸਟ ਕੋਲੂਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | Tower A, 2/F, West Kowloon Law Courts Building, 501 Tung Chau Street, Sham Shui Po, Kowloon | 3467 2332 | 2944 9946 |
| ਤੁਅਨ ਮੁਨ ਪ੍ਰੋਬੇਸ਼ਨ ਅਤੇ ਕਮਿਊਨਿਟੀ ਸਰਵਿਸ ਆਰਡਰਜ਼ ਆਫ਼ਿਸ | 4/F, Tuen Mun Government Offices, 1 Tuen Hi Road, Tuen Mun, New Territories | 2451 3123 | 2404 1161 |